
# …ਆਂ ਦੱਸੀਆਂ ਕਹਾਣੀਆਂ



ਬਾਵਾ ਪਬਲਿਸ਼ਿੰਗ ਹਾਊਸ, ਫੀਰੋਜ਼ਪੁਰ ਛਾਉਣੀ.

# ਸੁਆਦਲੀਆਂ ਕਹਾਣੀਆਂ

ਲੇਖਕ :-
ਬਲਬੀਰ 'ਲੰਮੇਂ'

ਪ੍ਰਕਾਸ਼ਕ :—
ਬਾਵਾ ਪਬਲਿਸ਼ਿੰਗ ਹਾਊਸ,
ਫ਼ੀਰੋਜ਼ਪੁਰ ਛਾਉਣੀ

ਸਭ ਹੱਕ ਰਾਖਵੇਂ ਹਨ ।

ਸੰਪਾਦਿਕਾ : ਸੁਰਜੀਤ ਸੰਘੂ
ਪ੍ਰਕਾਸ਼ਕ : ਬਾਵਾ ਇੰਦਰਜੀਤ ਸਿੰਘ
ਮਾਲਕ : ਬਾਵਾ ਪਬਲਿਸ਼ਿੰਗ ਹਾਊਸ
ਫ਼ੀਰੋਜ਼ਪੁਰ ਛਾਉਣੀ ।

ਪਹਿਲੀ ਵਾਰ ਜੂਨ ੧੯੬੦
ਕੀਮਤ ੬੦ ਨਵੇਂ ਪੈਸੇ

ਪ੍ਰਿੰਟਰ : ਸ੍ਰੀ ਹੰਸ ਰਾਜ ਸ਼ਰਮਾ
ਸੁਸਾਇਟੀ ਪਰੈਸ, ਲੁਧਿਆਣਾ

# ਮੁਖ-ਬੰਦ

ਬਲਬੀਰ 'ਲੰਮੇ' ਦੀ ਇਹ ਨਿਕੀ ਤੇ ਪਹਿਲੀ ਪੁਸਤਕ ਹੈ। ਇਸ ਵਿਚ ਤਿੰਨ ਕਹਾਣੀਆਂ ਹਨ। ਸਿਆਣਾ ਬਘਿਆੜ ਤੇ ਅਧਰਮੀ ਰਾਜਾ, ਰਾਜੇ ਦਾ ਮੁੰਡਾ ਤੇ ਮਣੀ, ਅਤੇ ਏਕੇ ਦੀ ਬਰਕਤ। ਜੇਹਾ ਕਿ ਇਸ ਕਿਤਾਬ ਦੇ ਨਾਂ ਤੋਂ ਹੀ ਪ੍ਰਗਟ ਹੈ, ਕਹਾਣੀਆਂ ਬਹੁਤ ਦਿਲਚਸਪ ਹਨ। ਪਹਿਲੀ ਕਹਾਣੀ ਵਿਚ ਲਿਖਾਰੀ ਨੇ ਦਸਿਆ ਹੈ ਕਿ ਇਕ ਬੁਰੇ ਕੰਮ ਕਰਨ ਵਾਲੇ ਮਰੇ ਹੋਏ ਆਦਮੀ ਦੀ ਦੇਹ ਨੂੰ ਇਕ ਭੁਖਾ ਬਘਿਆੜ ਵੀ ਖਾਣ ਲਈ ਤਿਆਰ ਨਹੀਂ। ਦੂਜੀ ਕਹਾਣੀ ਭਾਵੇਂ ਕਾਫੀ ਲੰਮੀ ਹੈ, ਪਰ ਦਿਲਚਸਪ ਹੈ। ਤੀਜੀ ਕਹਾਣੀ ਮਿਲਵਰਤਣ ਵਚ ਸਫਲਤਾ ਦਾ ਪ੍ਰਭਾਵ ਪ੍ਰਗਟਾਉਂਦੀ ਹੈ।

ਰਸ ਕਹਾਣੀ ਦੀ ਜਿੰਦ ਜਾਨ ਹੈ। ਰਸ ਬਿਨਾਂ ਕਹਾਣੀ, ਕਹਾਣੀ ਨਹੀਂ, ਸਗੋਂ ਇਕ ਬੋਝ ਹੈ। ਸਿਖਿਆ ਠੋਸੀ ਹੋਈ ਨਹੀਂ, ਸਗੋਂ ਆਪ—ਮੁਹਾਰੇ ਆਉਣੀ ਚਾਹੀਦੀ ਹੈ। ਬਲਬੀਰ 'ਲੰਮੇ' ਵਿਚ ਉਪਰੋਕਤ ਗੁਣਾਂ ਦੇ ਝਲਕਾਰੇ ਨਜ਼ਰ ਆਉਂਦੇ ਹਨ।

ਬੋਲੀ ਵਿਚ ਸਾਦਗੀ ਹੈ, ਸਰਲਤਾ ਹੈ। ਹਰ ਵੇਲੇ ਬਚਿਆਂ ਨਾਲ ਵਾਹ ਪੈਣ ਸਦਕਾ ਉਹ ਬਾਲ—ਮਨੋਵਿਗਿਆਨ ਨੂੰ ਚੰਗੀ ਤਰ੍ਹਾਂ ਸਮਝਦਾ ਹੈ।

ਮੈਨੂੰ ਪੂਰਨ ਆਸ ਹੈ ਕਿ ਬਾਲ-ਪਾਠਕ ਬਲਬੀਰ 'ਲਮੇਂ' ਦੀ ਇਸ ਨਿਕੀ ਜਿਹੀ ਪੁਸਤਕ ਨੂੰ ਪਸੰਦ ਕਰਕੇ ਉਸ ਦਾ ਉਤਸ਼ਾਹ ਵਧਾਉਣਗੇ । ਤੇ ਬਲਬੀਰ ਲੰਮੇ ਜੁਆਨ ਉਤਸ਼ਾਹ ਸਦਕਾ ਮਿਹਨਤ ਕਰਦਾ ਹੋਇਆ ਛੇਤੀ ਹੀ ਇਕ ਚੰਗੀ ਕਹਾਣੀ ਲਿਖਣੀ ਸਿਖ ਜਾਵੇਗਾ ।

ਰਾਜ ਦੁਲਾਰ
੨੮.੫.੬੦.

ਸਾਹਮਣੇ : ਦਿਆ ਨੰਦ ਹਸਪਤਾਲ
ਲੁਧਿਆਣਾ ।

੧

# ਸਿਆਣਾ ਬਘਿਆੜ ਤੇ ਅਧਰਮੀ ਰਾਜਾ

ਬਹੁਤ ਸਮੇਂ ਦੀ ਗੱਲ ਹੈ ਕਿ ਕਿਸੇ ਸ਼ਹਿਰ ਵਿਚ ਇਕ ਰਾਜੇ ਦਾ ਮੰਦਰ ਸੀ। ਉਸ ਮੰਦਰ ਦੀ ਵਲਗਣ ਕਈ ਮੀਲਾਂ ਭੀਕ ਲੰਮੀ ਸੀ। ਉਸ ਮੰਦਰ ਦੁਆਲੇ ਇਕ ਲੰਮਾ ਚੌੜਾ ਬਾਗ ਸੀ। ਉਸ ਬਾਗ ਵਿਚ ਇਕ ਮੈਨਾ ਰਹਿੰਦੀ ਸੀ ਜੋ ਰਾਜੇ ਦੀ ਰਖਿਆ ਲਈ ਸਹਾਇਕ ਰਹਿੰਦੀ ਸੀ। ਰਾਜੇ ਦੇ ਭੈੜੇ ਵਤੀਰੇ ਕਾਰਨ ਉਸ ਦੇਸ਼ ਦੇ ਲੋਕ ਖੁਸ਼ ਨਹੀਂ ਸਨ। ਕਿਉਂ ਜੋ ਉਹ ਲੋਕਾਂ ਤੇ ਜ਼ੁਲਮ ਕਰਦਾ ਰਹਿੰਦਾ ਅਤੇ ਆਪਣੀ ਪਰਜਾ ਨਾਲ ਨਾਜਾਇਜ਼ ਸਲੂਕ ਕਰਦਾ ਸੀ।

ਇਕ ਵਾਰੀ ਲੋਕਾਂ ਨੇ ਮੁਜ਼ਾਹਿਰਾ ਕਰ ਦਿਤਾ ਕਿ ਬਾਦਸ਼ਾਹ ਹੁਣ ਰਾਜ ਕਰਨ ਦੇ ਕਾਬਲ ਨਹੀਂ ਰਿਹਾ। ਹੁਣ ਬਾਦਸ਼ਾਹ ਦੇ ਪੁੱਤਰ ਨੂੰ ਰਾਜ ਦਾ ਹੱਕਦਾਰ ਹੋਣਾ ਚਾਹੀਦਾ ਹੈ। ਬਾਦਸ਼ਾਹ ਨੇ ਆਪਣੀ ਹੱਤਕ ਸਮਝੀ ਅਤੇ ਏਸ ਬਗਾਵਤ ਦੇ ਆਗੂਆਂ ਨੂੰ ਸਖਤ ਸਜ਼ਾਵਾਂ ਦਿਤੀਆਂ।

ਅਖੀਰ ਬਾਦਸ਼ਾਹ ਨੇ ਆਪਣੀ ਮਰਜ਼ੀ ਨਾਲ ਹੀ ਰਾਜ-

ਤਖ਼ਤ ਆਪਣੇ ਪੁੱਤਰ ਨੂੰ ਦੇ ਦਿਤਾ। ਬਾਦਸ਼ਾਹ ਹੁਣ ਵਿਹਲਾ ਹੀ ਰਿਹਾ ਕਰਦਾ ਸੀ। ਜਾਂ ਕਦੇ ਕਦੇ ਸ਼ਿਕਾਰ ਕਰਨ ਲਈ ਚਲਿਆ ਜਾਂਦਾ।

ਇਕ ਵਾਰੀ ਬਾਦਸ਼ਾਹ ਸ਼ਿਕਾਰ ਕਰਨ ਲਈ ਗਿਆ। ਨਾਲ ਆਪਣੇ ਚੰਗੇ ਸਿਪਾਹੀ ਨਾਲ ਲੈ ਗਿਆ। ਬਾਦਸ਼ਾਹ ਦੀ ਨਜ਼ਰ ਇਕ ਸੁਨਹਿਰੀ ਹਿਰਨ ਤੇ ਪਈ। ਉਸ ਨੇ ਸਿਪਾਹੀਆਂ ਨੂੰ ਆਖਿਆ ਕਿ ਤੁਸੀਂ ਐਥੇ ਠਹਿਰੋ ਮੈਂ ਇਸ ਹਿਰਨ ਦਾ ਪਿਛਾ ਕਰਦਾ ਹੈ। ਸਿਪਾਹੀ ਠਹਿਰ ਗਏ। ਹਿਰਨ ਭੱਜਾ ਗਿਆ ਰਾਜਾ ਵੀ ਆਪਣੇ ਘੋੜੇ ਨੂੰ ਹਿਰਨ ਦੇ ਮਗਰ ਮਗਰ ਦੁੜਾਈ ਗਿਆ।

ਸਿਪਾਹੀਆਂ ਦੀਆਂ ਨਜ਼ਰਾਂ ਤੋਂ ਛੇਤੀ ਹੀ ਹਿਰਨ ਤੇ ਰਾਜਾ ਉਹਲੇ ਹੋ ਗਏ। ਘੋੜਾ ਸਿਰ ਤੋੜ ਭੱਜਿਆ ਜਾ ਰਿਹਾ ਸੀ। ਰਾਹ ਵਿਚ ਇਕ ਵੱਡਾ ਨਾਲਾ ਆ ਗਿਆ। ਹਿਰਨ ਤਾਂ ਛਾਲ ਮਾਰ ਕੇ ਲੰਘ ਗਿਆ। ਘੋੜੇ ਦਾ ਪੈਰ ਅੜਕ ਗਿਆ ਘੋੜਾ ਅਤੇ ਰਾਜਾ ਦੋਨੋਂ ਹੀ ਨਾਲੇ ਵਿਚ ਡਿਗ ਪਏ।

ਐਨੇ ਨੂੰ ਇਕ ਬਘਿਆੜ ਆਇਆ। ਉਸ ਨੇ ਰਾਜੇ ਦੇ ਮੂੰਹ ਨੂੰ ਸੁੰਘਿਆ ਅਤੇ ਪਿਛੇ ਹਟ ਕੇ ਖਲੋ ਗਿਆ। ਫਿਰ ਉਸ ਨੇ ਅੱਗੇ ਨੂੰ ਹੋਕੇ ਰਾਜੇ ਦੇ ਹੱਥਾਂ ਨੂੰ ਸੁੰਘਿਆ ਅਤੇ ਪਿਛੇ ਹਟਕੇ ਖਲੋ ਗਿਆ। ਫਿਰ ਉਸ ਨੇ ਕੁਝ ਚਿਰ ਠਹਿਰ ਕੇ ਰਾਜੇ ਦੀਆਂ ਲੱਤਾਂ ਨੂੰ ਸੁੰਘਿਆ ਅਤੇ ਫਿਰ ਪਿਛੇ ਹਟਕੇ ਖਲੋ ਗਿਆ। ਬਘਿਆੜ ਨੂੰ ਭੁੱਖ ਬਹੁਤ ਲੱਗੀ ਪਰੰਤੂ ਉਸ ਨੇ ਰਾਜੇ ਨੂੰ ਖਾਣਾ ਠੀਕ ਨਾ

ਸਮਝਿਆ। ਉਹ ਪਿਛੇ ਨੂੰ ਮੁੜ ਚਲਿਆ।

ਜਦੋਂ ਬਘਿਆੜ ਪਿਛੇ ਮੁੜਿਆ ਤਾਂ ਨੇੜੇ ਹੀ ਦੋ ਸਾਧੂ ਦਰਖਤ ਦੇ ਹੇਠਾਂ ਖਲੋਤੇ ਸਾਰੀ ਕਹਾਣੀ ਵੇਖ ਰਹੇ ਸਨ। ਬਘਿਆੜ ਨੂੰ ਆਖਣ ਲੱਗੇ। "ਠਹਿਰ ਜਾਹ ਬਈ!" ਇਕ ਗੱਲ ਦੱਸ ਕਿ ਤੈਨੂੰ ਐਤਨੀ ਭੁੱਖ ਲੱਗੀ ਹੋਈ ਹੈ ਤੇ ਤੂੰ ਉਸ ਆਦਮੀ ਨੂੰ ਖਾਧਾ ਕਿਉਂ ਨਹੀਂ ਜਦ ਕਿ ਉਹ ਤੇਰਾ ਖਾਣਾ।

ਬਘਿਆੜ ਬੋਲਿਆ "ਮਹਾਰਾਜ ਤੁਸੀਂ ਵੀ ਤਾਂ ਜਾਣੀ ਜਾਣ ਹੋ।"

"ਨਹੀਂ ਨਹੀਂ ਬਈ ਤੂੰ ਹੀ ਦਸ" ਸਾਧੂ ਬੋਲੇ।

ਬਘਿਆੜ ਬੋਲਿਆ, "ਮਹਾਰਾਜ ਮੂੰਹ ਤਾਂ ਮੈਂ ਇਸ ਦਾ ਤਦ ਨਹੀਂ ਖਾਧਾ ਕਿ ਇਸ ਦੇ ਮੂੰਹ ਤੋਂ ਕਦੇ ਭਲੀ ਗੱਲ ਨਹੀਂ ਸਰੀ ਅਤੇ ਨਾ ਹੀ ਕਦੇ ਇਸ ਨੇ ਪ੍ਰਮਾਤਮਾ ਨੂੰ ਹੀ ਯਾਦ ਕੀਤਾ ਹੈ। ਇਹ ਸਦਾ ਮੰਦ ਬੋਲੀ ਹੀ ਬੋਲਦਾ ਰਹਿੰਦਾ ਸੀ।

ਹੱਥ ਮਹਾਰਾਜ ਮੈਂ ਇਸ ਦੇ ਤਦ ਨਹੀਂ ਖਾਧੇ ਕਿ ਕਦੇ ਇਸ ਨੇ ਦਸਾਂ ਨੌਹਾਂ ਦੀ ਕਿਰਤ ਨਹੀਂ ਕੀਤੀ ਅਤੇ ਨਾ ਹੀ ਹੱਥਾਂ ਨਾਲ ਕਦੇ ਕੋਈ ਚੰਗਾ ਕੰਮ ਕੀਤਾ ਹੈ।

ਪੈਰ ਇਸ ਦੇ ਮੈਂ ਤਦ ਨਹੀਂ ਖਾਧੇ ਕਿ ਕਦੇ ਇਹ ਤੁਰਕੇ ਚੰਗੇ ਕੰਮ ਲਈ ਨਹੀਂ ਗਿਆ। ਕਿਸੇ ਸਤ-ਸੰਗ ਵਿਚ ਨਹੀਂ ਗਿਆ ਸੀ। ਗੱਲ ਕੀ ਮਹਾਰਾਜ ਇਸ ਨੂੰ ਚੰਗੀ ਭਾਵਣਾ ਕਦੇ

ਨਹੀਂ ਫੁਰੀ ਸਦਾ ਮੰਦੇ ਖਿਆਲ ਹੀ ਇਸ ਦੇ ਮਨ ਵਿਚ ਭਾਉਂਦੇ ਰਹਿੰਦੇ।

ਮੈਂ ਇਸ ਦੇ ਮਾਸ ਨੂੰ ਖਾਕੇ ਆਪਣੇ ਤਨ ਨੂੰ ਕੁਸ਼ਟੀ ਨਹੀਂ ਕਰਨਾ ਚਾਹੁੰਦਾ। ਉਨ੍ਹਾਂ ਸਾਧੂਆਂ ਨੇ ਬਘਿਆੜ ਨੂੰ ਥਾਪੀ ਦਿਤੀ ਅਤੇ ਆਪ ਅਲੋਪ ਹੋ ਗਏ।



## ੨.

# ਰਾਜੇ ਦਾ ਮੁੰਡਾ ਤੇ ਮਣੀ

ਪੁਰਾਣੇ ਸਮੇਂ ਦੀ ਗੱਲ ਹੈ ਕਿ ਕਿਸੇ ਦੇਸ਼ ਵਿਚ ਇਕ ਰਾਜਾ ਰਾਜ ਕਰਦਾ ਸੀ। ਉਸ ਦਾ ਸਿਰਫ਼ ਇਕੋ ਇਕ ਪੁਤਰ ਸੀ।

ਰਾਜੇ ਦਾ ਮੁੰਡਾ ਬੜਾ ਸੁੱਸਤ ਸੀ। ਜਦੋਂ ਉਸ ਨੂੰ ਪੜਨ ਭੇਜਿਆ ਜਾਂਦਾ ਤਾਂ ਉਹ ਰਸਤੇ ਵਿਚੋਂ ਘਰ ਮੁੜ ਆਉਂਦਾ ਤੇ ਜੇ ਸਕੂਲ ਜਾਂਦਾ ਵੀ ਤਾਂ ਕੰਮ ਕਦੇ ਨਹੀਂ ਸੀ ਕਰਦਾ। ਉਹ ਹਰ ਸਾਲ ਫੇਲ ਹੀ ਹੁੰਦਾ ਰਹਿੰਦਾ। ਅਖੀਰ ਪ੍ਰੈਮਰੀ ਵਿਭਾਗ ਵਿੱਚ ਹੀ ਉਸ ਦੀ ਉਮਰ ਵੱਡੀ ਹੋ ਗਈ।

ਰਾਜੇ ਨੇ ਗੱਲ ਜਾਂਚ ਲਈ ਕਿ ਹੁਣ ਇਸ ਨੇ ਪੜ੍ਹਨਾ ਨਹੀਂ। ਰਾਜੇ ਨੇ ਆਪਣੀ ਰਾਣੀ ਨਾਲ ਰਾਇ ਕਰ ਲਈ ਕਿ ਆਪਾਂ ਮੁੰਡੇ ਨੂੰ ਕਸੇ ਬਿਉਪਾਰ ਵਿਚ ਪਾ ਦੇਈਏ। ਰਾਜੇ ਨੇ ਜਦੋਂ ਆਪਣੇ ਮੁੰਡੇ ਨੂੰ ਪੜਾਈ ਛੱਡ ਕੇ ਬਿਉਪਾਰ ਕਰਨ ਲਈ ਕਿਹਾ ਤਾਂ ਉਹ ਰਜ਼ਾਮੰਦ ਹੋ ਗਿਆ ਪਰ ਉਸ ਨੇ ਸ਼ਰਤ ਇਹ ਰੱਖੀ ਕਿ ਮੈਂ ਆਪਣਾ ਕਾਰੋਬਾਰ ਕਿਸੇ ਬਾਹਰ ਸ਼ਹਿਰ ਵਿਚ ਚਾਲੂ ਕਰਾਂਗਾ।

ਰਾਜਾ ਅਤੇ ਰਾਣੀ ਰਜ਼ਾਮੰਦ ਹੋ ਗਏ। ਮੁੰਡੇ ਨੇ ਚਾਰ ਸ

ਰੁਪੈ ਮੰਗੇ। ਰਾਜੇ ਨੇ ਚਾਰ ਸੌ ਰੁਪੈ ਦੇ ਦਿਤੇ। ਉਨ੍ਹਾਂ ਦਿਨਾਂ ਵਿਚ ਚਾਰ ਸੌ ਰੁਪੈ ਦਾ ਬਹੁਤ ਕੁਝ ਆ ਜਾਂਦਾ ਸੀ।

ਰਾਜੇ ਦੇ ਮੁੰਡੇ ਨੇ ਤਿੰਨ ਸੋ ਰੁਪੈ ਤਾਂ ਲੈ ਕੇ ਘਰ ਦਿਆਂ ਤੋਂ ਚੋਰੀ ਲੁਕੋ ਕੇ ਘਰ ਹੀ ਰੱਖ ਦਿਤੇ। ਸੌ ਰੁਪੀਈਆ ਲੈ ਕੇ ਬਾਹਰ ਚਲਾ ਗਿਆ। ਜਦੋਂ ਉਹ ਅਗਲੇ ਪਿੰਡ ਵਿਚ ਗਿਆ ਤਾਂ ਅਗੇ ਮਦਾਰੀ ਤਮਾਸ਼ਾ ਕਰ ਰਿਹਾ ਸੀ। ਰਾਜੇ ਦਾ ਮੁੰਡਾ ਤਮਾਸ਼ਾ ਦੇਖ ਕੇ ਖਲੋ ਗਿਆ।

ਮਦਾਰੀ ਕੋਲ ਇਕ ਚੂਹਾ ਸੀ। ਮਦਾਰੀ ਜੋ ਵੀ ਕੰਮ ਉਸ ਚੂਹੇ ਨੂੰ ਕਰਨ ਲਈ ਆਖਦਾ ਤਾਂ ਚੂਹਾ ਉਸੇ ਕੰਮ ਨੂੰ ਫਟ ਦੇਣੇ ਕਰ ਦਿਦਾ। ਚੂਹਾ ਉਸ ਮੁੰਡੇ ਨੂੰ ਬੜਾ ਪਿਆਰਾ ਲਗਿਆ। ਉਸ ਨੇ ਮਦਾਰੀ ਤੋਂ ਪੁਛਿਆ "ਕਿਉਂ ਬਾਈ ਚੂਹਾ ਵੇਚਣੈ"

"ਵੇਚ ਦਵਾਂਗੇ" ਮਦਾਰੀ ਨੇ ਉੱਤਰ ਦਿਤਾ। ਰਾਜੇ ਦੇ ਮੁੰਡੇ ਨੇ ਪੁਛਿਆ "ਇਹਦਾ ਕੀ ਮੁਲ ਹੈ ?"

"ਇਕ ਸੌ ਰੁਪਈਆ" ਮਦਾਰੀ ਨੇ ਉੱਤਰ ਦਿੱਤਾ।

ਰਾਜੇ ਦੇ ਮੁੰਡੇ ਨੇ ਪਾਧਾ ਨਾ ਪੁਛਿਆ। ਸੌ ਰੁਪੈ ਦੇ ਕੇ ਚੂਹਾ ਚੁੱਕ ਲਿਆ ਉਸ ਨੇ ਆਪਣੇ ਘਰ ਲੈ ਆਂਦਾ ਤੇ ਘਰ ਛੱਡ ਦਿਤਾ। ਚੂਹੇ ਨੂੰ ਉਸਨੇ ਆਖਿਆ ਤੂੰ ਏਥੇ ਹੀ ਰਹਿਣਾ ਹੋਵੇਗਾ। ਚੂਹਾ ਉਸ ਦੇ ਘਰ ਰਿਹਾ।

ਦੂਜੇ ਦਿਨ ਰਾਜੇ ਦੇ ਮੁੰਡੇ ਨੇ ਤਿੰਨ ਜੋ ਰੁਪੈ ਵਿਚੋਂ ਇਕ ਸੌ

ਰੁਪਈਆ ਹੋਰ ਚੁੱਕ ਲਿਆ ਤੇ ਬਾਹਰ ਨੂੰ ਚਲਾ ਗਿਆ।

ਜਦੋਂ ਉਹ ਨਾਲ ਦੇ ਪਿੰਡ ਗਿਆ ਤਾਂ ਇਕ ਝਿਊਰ ਦੇ ਘਰ ਲੱਸੀ ਪੀਣ ਲਈ ਠਹਿਰ ਗਿਆ। ਝਿਊਰ ਨੇ ਉਸ ਨੂੰ ਲੱਸੀ ਪਿਲਾ ਦਿਤੀ। ਐਨੇ ਨੂੰ ਉਸ ਮੁੰਡੇ ਨੇ ਕੀ ਵੇਖਿਆ ਕਿ ਝਿਊਰ ਕੋਲ ਇਕ ਬਿੱਲੀ ਹੈ। ਝਿਊਰ ਉਸ ਬਿੱਲੀ ਨੂੰ ਜਿਵੇਂ ਵੀ ਆਖੇ ਉਹ ਬਿੱਲੀ ਉਸੇ ਤਰ੍ਹਾਂ ਉਸ ਦੇ ਆਖੇ ਲੱਗੇ।

ਰਾਜੇ ਦੇ ਮੁੰਡੇ ਨੂੰ ਬਿੱਲੀ ਬਹੁਤ ਪਿਆਰੀ ਲੱਗੀ। ਝਿਊਰ ਤੋਂ ਉਸ ਨੇ ਪੁਛਿਆ "ਕਿਉਂ ਬਈ ਭਗਤਾ" ਬਿੱਲੀ ਵਕਾਊ ਹੈ।"

"ਵੇਚ ਦਿਆਂਗੇ ਸਰਦਾਰ ਜੀ" ਝਿਊਰ ਨੇ ਉੱਤਰ ਦਿਤਾ।

"ਕੀ ਮੁਲ ਹੈ ਬਿੱਲੀ ਦਾ"। ਰਾਜੇ ਦੇ ਲੜਕੇ ਨੇ ਪੁਛਿਆ।

"ਇਕੋ ਗੱਲ ਕਰਾਂ ਸ੍ਰਦਾਰ ਜੀ" ਦਿਲ ਦੀ ਆਖਦੇ ਝਿਊਰ ਨ ਰਾਜੇ ਦੇ ਮੁੰਡੇ ਨੂੰ ਪੱਕੀ ਰਾਏ ਕਰਨੀ ਚਾਹੀ।

ਮੁੰਡਾ ਬੋਲਿਆ "ਹਾਂ ਬਈ ਇੱਕ ਗੱਲ ਕਰੀਂ ਜੋ ਕੁਝ ਲੈਣੈ।"

"ਰੁਪਈਆ ਸੌ ਲਵਾਂਗਾ"। ਝਿਊਰ ਨੇ ਗੱਲ ਮੁਕਾਂਦੇ ਕਿਹਾ।

ਰਾਜੇ ਦੇ ਮੁੰਡੇ ਨੇ ਕੋਈ ਹੀਲ ਹੁਜਤ ਨਾ ਕੀਤੀ ਬਦਲਣ ਦੀ ੧ ਸੌ ਦਾ ਨੋਟ ਕੱਢ ਕੇ ਝਿਊਰ ਨੂੰ ਦੇ ਦਿਤਾ ਅਤੇ ਬਿੱਲੀ ਲੈ ਕੇ ਘਰ ਆ ਗਿਆ।

ਮੁੰਡੇ ਨੇ ਘਰੋਂ ਇਕ ਸੌ ਰੁਪੈ ਹੋਰ ਲੈ ਲਏ ਤੇ ਬਿੱਲੀ ਘਰ ਛੱਡ ਦਿੱਤੀ। ਜਦੋਂ ਉਹ ਪਿੰਡੋਂ ਨਿਕਲਿਆ ਤਾਂ ਕੀ ਵੇਖਦਾ ਹੈ ਕਿ ਉਸ ਦੇ ਅਗੇ ਅਗੇ ਦੋ ਸ਼ਿਕਾਰੀ ਜਾ ਰਹੇ ਸਨ ਜਿਨ੍ਹਾਂ ਕੋਲੋਂ ਇਕ ਕੁੱਤਾ ਸੀ ਜੋ ਕਿ ਬਹੁਤ ਹੀ ਸੋਹਣਾ ਸੀ। ਸ਼ਿਕਾਰੀ ਉਸ ਕੁੱਤੇ ਨੂੰ ਜਿਵੇਂ ਵੀ ਆਖਦੇ ਉਹ ਉਸੇ ਤਰ੍ਹਾਂ ਹੀ ਕਰਦਾ। ਰਾਜੇ ਦੇ ਮੁੰਡੇ ਨੂੰ ਉਹ ਕੁੱਤਾ ਬਹੁਤ ਚੰਗਾ ਲੱਗਾ। ਸ਼ਿਕਾਰੀਆਂ ਪਾਸੋਂ ਉਸ ਨੇ ਕੁੱਤੇ ਦਾ ਮੁੱਲ ਪੁਛਿਆ। ਸਿਕਾਰੀਆਂ ਸੌ ਰੁਪਈਆ ਮੰਗਿਆ। ਰਾਜੇ ਦੇ ਮੁੰਡੇ ਨੇ ਸੌ ਰੁਪਈਆਂ ਦੇ ਦਿਤਾ ਤੇ ਕੁੱਤਾ ਲੈ ਕੇ ਘਰ ਆ ਗਿਆ।

ਅਖੀਰ ਨੂੰ ਉਸ ਨੇ ਚੌਥਾ ਸੌ ਵੀ ਚੁੱਕ ਲਿਆ। ਤੇ ਜਦੋਂ ਉਹ ਨਾਲ ਦੇ ਪਿੰਡ ਗਿਆ ਤਾਂ ਉਥੇ ਇਕ ਜੋਗੀ ਖੇਡਾਂ ਕਰ ਰਿਹਾ ਸੀ। ਰਾਜੇ ਦਾ ਮੁੰਡਾ ਸੱਪ ਦੇ ਕਰਤਵ ਵੇਖ ਕੇ ਦੰਗ ਰਹਿ ਗਿਆ ਉਸ ਨੇ ਜੋਗੀ ਤੋਂ ਪੁਛਿਆ" ਕਿਉ ਬਈ ਭਗਤਾ ਸੱਪ ਵੇਚਣੇ।"

"ਵੇਚ ਦਿਆਂ ਗੇ ਜੀ" । ਜੋਗੀ ਨੇ ਉੱਤਰ ਦਿਤਾ।

"ਲੈਣਾ ਦੇਣਾ ਕੀ ਕੁਸ਼ ਐ ਫੇਰ।" ਮੁੰਡੇ ਨੇ ਪੁਛਿਆ।

"ਇਕ ਸੌ ਰੁਪਈਆ ਲੈ ਲਵਾਂਗੇ ਸਰਦਾਰ ਜੀ ਜੇ ਤੁਸੀਂ ਸੌਦਾ ਮਾਰਨਾ ਈਂ ਏ"। ਜੋਗੀ ਨੇ ਆਖਿਆ।

"ਸੌ ਰੁਪਈਆ ਤਾਂ ਬਹੁਤੇ ਯਾਰ ਸੱਪਾਂ ਦਾ ਕੀ ਐ ਔਥੋਂ ਬੇਲਿਆਂ ਚੋਂ ਜਾਕੇ ਜਿਤਨੇ ਮਰਜ਼ੀ ਫੜ ਲੈ। ਮੁੰਡੇ ਨੇ ਮੁੱਲ ਘੱਟ ਕਰਨ ਲਈ ਹੀਆ ਕੀਤਾ।

"ਵੇਖੋ ਸਰਦਾਰ ਜੀ ਸਾਨੂੰ ਤਾਂ ਏਹੋ ਰਾਜ ਤਖਤ ਹੈ ਜਿਸ

ਨਾਲ ਅਸੀਂ ਫੱਕਾ ਫੱਕਾ ਦਾਣੇ ਮੰਗ ਕੇ ਪੇਟ ਪੂਜਾ ਕਰ ਲੈਣੀ ਹੋਈ।" ਜੋਗੀ ਨੇ ਆਖਿਆ ਤੇ ਗੱਲ ਵਿਚ ਦਿਲਚਸਪੀ ਘੱਟ ਕਰ ਦਿਤੀ।

ਪਰੰਤੂ ਰਾਜੇ ਦਾ ਮੁੰਡਾ ਸੱਪ ਖਰੀਦ ਲੈਣ ਉਤੇ ਤੁਲ ਗਿਆ ਉਸ ਨੇ ਸੌ ਰੁਪਈਆ ਦੈ ਦਿਤਾ ਅਤੇ ਸੱਪ ਲੈ ਆਂਦਾ।

ਜਦੋਂ ਮੁੰਡਾ ਘਰ ਪੁੱਜਾ ਤਾਂ ਉਸ ਨੇ ਪਟਾਰੀ ਰੱਖ ਕੇ ਆਪਣੀ ਮਾਂ ਨੂੰ ਆਖਿਆ, "ਮਾਤਾ ਜੀ ਵੇਖੋ ਅੱਗੇ ਜੋ ਮੈਂ ਤਿੰਨੇ ਜਾਨਵਰ ਲਿਆਂਦੇ ਨੇ ਉਨ੍ਹਾਂ ਨਾਲ ਤਾਂ ਜਿਦਾਂ ਮਰਜ਼ੀ ਪਿਆਰ ਕਰੀ ਜਾਣਾ, ਛੇੜੀ ਜਾਣਾ ਪਰ ਅੱਜ ਜਿਹੜਾ ਜਾਨਵਰ ਲਿਆਂਦਾ ਹੈ ਇਸ ਨੂੰ ਨਹੀਂ ਛੇੜਣਾ ਹੋਵੇਗਾ।"

"ਚੰਗਾ ਬੇਟਾ" ਮਾਤਾ ਨੇ ਆਖ ਦਿਤਾ ਤੇ ਹੈਰਾਨ ਹੋਈ। ਜੇ ਮੁੰਡਾ ਨਾ ਆਖਦਾ ਤਾਂ ਬੁੱਢੀ ਸ਼ਾਇਦ ਟੋਕਰੀ ਨਾ ਵੇਖਦੀ। ਪਰੰਤੂ ਹੁਣ ਤਾਂ ਉਸ ਦਾ ਦਿਲ ਕਰਦਾ ਸੀ ਕਿ ਕਦੋਂ ਮੁੰਡਾ ਬਾਹਰ ਨੂੰ ਜਾਵੇ ਤੇ ਕਦੋਂ ਪਟਾਰੀ ਵੇਖਾਂ।

ਅਖੀਰ ਮੁੰਡਾ ਬਾਹਰ ਨੂੰ ਚਲਾ ਗਿਆ। ਬੁੱਢੀ ਨੇ ਦਾਅ ਬਚਾ ਕੇ ਜਾ ਪਟਾਰੀ ਦਾ ਢੱਕਣ ਚੁਕਿਆ। ਸੱਪ ਨੇ ਕ੍ਰੋਧ ਨਾਲ ਫਰਾਟਾ ਮਾਰਿਆ ਤਾਂ ਬੁੱਢੀ ਬੇਹੋਸ਼ ਹੋ ਕੇ ਪਿਛੇ ਡਿੱਗ ਪਈ ਅੰਤੇ ਉਸ ਨੂੰ ਦੰਦਣ ਪੈ ਗਈ। ਕੁਦਰਤੀ ਮੁੰਡਾ ਵੀ ਛੇਤੀ ਹੀ ਘਰ ਵਾਪਸ ਆ ਗਿਆ ਜਦੋਂ ਉਸ ਵੇਖਿਆ ਕਿ ਬੁੱਢੀ ਨੇ ਤ

ਪਟਾਰੀ ਖੋਲ ਲਈ ਹੈ ਤੇ ਸੱਪ ਨੇ ਡੰਗ ਮਾਰ ਦਿਤਾ ਹੈ ਉਸ ਨੇ ਭੱਜ ਕੇ ਜਾ ਬੁੱਢੀ ਨੂੰ ਚੁਕਿਆ ਤੇ ਉਸ ਦੇ ਮੂੰਹ ਵਿਚ ਪਾਣੀ ਪਾਇਆ ਤੇ ਦੰਦਣ ਭੰਨੀ।

ਬੁੱਢੀ ਹੋਸ਼ ਵਿਚ ਆਈ ਤਾਂ ਉਸ ਨੇ ਸੱਭ ਤੋਂ ਪਹਿਲਾਂ ਇਹੋ ਗੱਲ ਆਖੀ "ਪੁੱਤ ਇਸ ਜਾਨਵਰ ਨੂੰ ਤਾਂ ਵਾਪਸ ਛੱਡ ਆ ਪਹਿਲੇ ਤਿੰਨੇ ਜਾਨਵਰ ਬੜੀ ਖੁਸ਼ੀ ਨਾਲ ਰੱਖ ਲੈ।"

"ਚੰਗਾ ਮਾਤਾ" ਆਖਕੇ ਮੁੰਡੇ ਨੇ ਪਟਾਰੀ ਚੁੱਕ ਲਈ ਤੇ ਬਾਹਰ ਸੱਪ ਨੂੰ ਛੱਡਣ ਲਈ ਤੁਰ ਪਿਆ।

ਰਾਹ ਵਿਚ ਸੱਪ ਨੇ ਮੁੰਡੇ ਨੂੰ ਆਖਿਆ ਕਿ ਫੁਲਾਣੇ ਢਾਬ ਵਿਚ ਮੇਰੀ ਖੁੱਡ ਹੈ ਤੂੰ ਮੈਨੂੰ ਉਥੇ ਛੱਡ ਕੇ ਆਈਂ ਮੇਰੇ ਨਾਲ ਮੇਰੇ ਘਰ ਚਲੀਂ ਮੇਰੇ ਦਾਦਾ ਜੀ ਤੈਨੂੰ ਆਖਨ ਗੇ " ਬੱਚਾ ਕੀ ਮੰਗਦਾ ਹੈਂ।" ਤੂੰ ਆਖੀਂ "ਮਹਾਰਾਜ ਮੈਨੂੰ ਮਣੀ ਦੇ ਦਿਓ।"

'ਚੰਗਾ' ਲੜਕੇ ਨੇ ਆਖਿਆ।

ਇਤਨੇ ਨੂੰ ਉਹ ਖੁਡ ਤੇ ਅਪੜ ਗਏ। ਸੱਪ ਨੇ ਆਖਿਆ। ਤੈਨੂੰ ਕਿਸੇ ਚੀਜ਼ ਤੋਂ ਡਰਨ ਦੀ ਲੋੜ ਨਹੀਂ। ਤੂੰ ਮੇਰੀ ਪੂਛ ਫੜ ਲੈ ਤੇ ਮੇਰੇ ਮਗਰ ਮਗਰ ਖੁੱਡ ਵਿਚ ਤੁਰਦਾ ਆਈਂ ਤੈਨੂੰ ਰੱਸਤੇ ਵਿਚ ਹਰ ਪ੍ਰਕਾਰ ਦੇ ਜੀਵ ਜੰਤੂ ਮਿਲਣਗੇ ਤੂੰ ਉਨ੍ਹਾਂ ਉਤੇ ਪੈਰ ਧਰਦਾ ਤੁਰਿਆ ਆਵੀਂ ਤੈਨੂੰ ਉਹ ਕੁੱਝ ਨਹੀਂ ਆਖਣਗੇ।

ਮੁੰਡੇ ਨੇ ਸੱਪ ਦੀ ਪੂਛ ਫੜ ਲਈ। ਤੇ ਏਸੇ ਤਰ੍ਹਾਂ ਹੀ ਹੋਇਆ ਜਿਵੇਂ ਸੱਪ ਨੇ ਕਿਹਾ ਸੀ। ਰਾਹ ਵਿਚ ਲੱਖਾਂ ਜੀਵ ਜੰਤੂ

ਮਿਲੇ। ਮੁੰਡਾ ਉਨ੍ਹਾਂ ਨੂੰ ਮਿਧਦਾ ਹੋਇਆ ਸੱਪ ਦੀ ਪੂਛ ਫੜੀ ਤੁਰਿਆ ਗਿਆ।

ਜਦੋਂ ਸੱਪ ਘਰ ਪੁੱਜਾ ਤਾਂ ਉਸ ਦੇ ਪ੍ਰਵਾਰ ਵਿਚ ਅਨੇਕਾਂ ਖੁਸ਼ੀਆਂ ਹੋਈਆਂ। ਸੱਪ ਦੇ ਦਾਦੇ ਨੇ ਮੁੰਡੇ ਨੂੰ ਬਹੁਤ ਪਿਆਰ ਕੀਤਾ ਤੇ ਸੇਵਾ ਕੀਤੀ ਆਖੀਰ ਆਂਦੇ ਸਮੇਂ ਉਸ ਨੂੰ ਕਿਹਾ 'ਮੰਗ ਬਚਾ ਕੀ ਮੰਗਦਾ ਹੈ।'

'ਬੱਸ ਜੀ ਤੁਹਾਡਾ ਦਿਤਾ ਸੱਭ ਕੁਝ ਹੈ।' ਮੁੰਡੇ ਦੇ ਮੂਹੋਂ ਸੁਭਾਵਕ ਹੀ ਨਿਕਲ ਗਿਆ।

ਦੂਜੀ ਬਾਰ ਦਾਦੇ ਨੇ ਫੇਰ ਕਿਹਾ। ਅਤੇ ਰਾਜੇ ਦੇ ਮੁੰਡੇ ਨੇ ਵੀ ਏਹੀ ਜਵਾਬ ਹੀ ਦਿਤਾ।

ਆਖੀਰ ਸੱਪ ਦੇ ਦਾਦੇ ਨੇ ਆਖਿਆ 'ਬੱਚਾ ਤੀਸਰਾ ਬਚਨ ਹੈ ਪਤਾ ਨਹੀਂ ਜੋਗੀ ਨੇ ਏਸ ਨੂੰ ਅਤੇ ਕਿੰਨਾ ਚਿਰ ਦੀ ਕੈਦ ਵਿਚ ਰੱਖਣਾ ਸੀ।'

'ਚੰਗਾ ਜੀ ਫੇਰ ਮੈਨੂੰ ਮਣੀ ਦੇ ਦਿਓ।' ਸੱਪ ਦੇ ਦਾਦੇ ਨ ਤੀਸਰੇ ਬਚਨ ਤੇ ਇਹ ਗੱਲ ਆਖੀ ਸੀ। ਇਸ ਕਰਕੇ ਰਾਜੇ ਦੇ ਮੁੰਡੇ ਦੀ ਜੋ ਵੀ ਮੰਗ ਹੁੰਦੀ ਉਸ ਨੂੰ ਪੂਰੀ ਕਰਨੀ ਪੈਣੀ ਸੀ ਕਿਉਂ ਜੋ ਇਹ ਉਨ੍ਹਾਂ ਦੀ ਰੀਤੀ ਸੀ।

'ਊਂ ਅਸੀਂ ਮਣੀਂ ਨਹੀਂ ਦਿੰਦੇ ਹੁੰਦੇ ਜਾਨ ਦਿੰਦੇ ਹਾਂ।' ਪਰ ਤੈਨੂੰ ਆਖ ਚੁਕੇ ਹਾਂ।' ਸੱਪ ਦੇ ਦਾਦੇ ਨੇ ਉਸ ਨੂੰ ਮਣੀ ਦਿਤੀ

ਤੇ ਸੱਪ ਨੂੰ ਆਖਿਆ ਕਿ ਇਸ ਨੂੰ ਜਾ ਕੇ ਬਾਹਰ ਛੱਡ ਆ। ਸੱਪ ਨੇ ਏਸੇ ਤਰ੍ਹਾਂ ਹੀ ਕੀਤਾ ਰਸਤੇ ਵਿਚ ਉਸ ਨੂੰ ਮਣੀ ਦੇ ਵਰਨਣ ਦਾ ਢੰਗ ਵੀ ਦੱਸ ਦਿਤਾ। ਸਪ ਜਦੋਂ ਰਾਜੇ ਦੇ ਮੁੰਡੇ ਨੂੰ ਛੱਡ ਕੇ ਵਾਪਸ ਪਰਤਣ ਲੱਗਾ ਤਾਂ ਸੱਪ ਨੇ ਆਖਿਆ। 'ਹੇ ਮਹਾਰਾਜ ਇਸ ਮਣੀ ਨੂੰ ਸੱਦਾ ਸੁੱਚੀ ਥਾਂ ਤੇ ਰੱਖਣਾ। ਜਦੋਂ ਕਿਸੇ ਚੀਜ਼ ਦੀ ਲੋੜ ਪਵੇ ਜਾਂ ਤਕਲੀਫ਼ ਪਵੇ ਤਾਂ ਤਾਜ਼ੇ ਪਾਣੀ ਨਾਲ ਨ੍ਹਾ ਕੇ ਗੁਗਲ ਦੰ ਧੂਫ ਇਸ ਮਣੀ ਨੂੰ ਦੇ ਕੇ ਇਸ ਅਗੇ ਪ੍ਰਾਰਥਨਾ ਕਰਦੇ ਹੋਏ ਆਪਣੇ ਮਨ ਦੀ ਇਛਾ ਪਰਗਟ ਕਰੋ। ਤੁਹਾਡਾ ਕੰਮ ਸ਼ੁਧ ਅਤੇ ਮਨ ਦੀ ਮੁਰਾਦ ਪੂਰੀ ਹੋਵੇਗੀ।

ਸੱਪ ਐਤਨੀ ਗੱਲ ਆਖਕੇ ਵਾਪਸ ਚਲਾ ਗਿਆ। ਰਾਜੇ ਦੇ ਮੁੰਡੇ ਨੇ ਏਸ ਚੀਜ਼ ਦਾ ਪਰਤਿਆਵਾ ਲੈਣ ਲਈ ਰਾਹ ਵਿਚ ਮਿੱਟੀ ਦੀਆਂ ਚਾਰ ਇੱਟਾਂ ਲੈ ਆਂਦੀਆਂ। ਸੱਪ ਦੇ ਕਹਿਣ ਅਨੁਸਾਰ ਘਰ ਪੁੱਜਕੇ ਮਣੀ ਰੱਖ ਕੇ ਬਚਨ ਕੀਤਾ 'ਕਿ ਇਹ ਇਟਾਂ ਸੋਨੇ ਦੀਆਂ ਬਣ ਜਾਣ।' ਇੱਟਾਂ ਸੋਨੇ ਦੀਆਂ ਬਣ ਗਈਆਂ।

ਰਾਜੇ ਦਾ ਮੁੰਡਾ ਫੁਲਿਆ ਨਾ ਸਮਾਵੇ। ਦਿਨਾਂ ਵਿਚ ਹੀ ਉਸ ਨੇ ਘਰ ਦੀਆਂ ਕੰਧਾਂ ਸੋਨੇ ਦੀਆਂ ਬਣਾ ਦਿਤੀਆਂ ਮੁੰਡੇ ਦਾ ਪਿਓ ਹਰ ਥਾਂ ਹਿੱਕ ਕੱਢ ਕੇ ਗੱਲ ਕਰਨ ਲੱਗ ਪਿਆ। ਹੁਣ ਇਸ ਮੁੰਡੇ ਦੀ ਮਸ਼ਹੂਰੀ ਦੂਰ ਦੂਰ ਰਾਜਿਆਂ ਵਿਚ ਹੋ ਗਈ। ਕਈ ਰਿਸ਼ਤੇ ਕਰਨ ਵਾਲੇ ਆਉਣ ਲੱਗੇ।

ਅਖੀਰ ਰਾਜੇ ਦੇ ਮੁੰਡੇ ਦਾ ਮੰਗਣਾ ਇਕ ਹੋਰ ਦੇਸ਼ ਦੇ ਰਾਜੇ ਦੀ ਲੜਕੀ ਨਾਲ ਹੋ ਗਿਆ। ਉਹ ਰਾਜਾ ਵੀ ਬਹੁੱਤ ਵੱਡੀ ਜਾਇਦਾਦ ਦਾ ਮਾਲਕ ਸੀ। ਜਦੋਂ ਉਸਨੇ ਆਪਣੀ ਨਾਲ ਵਿਆਹ ਧਰਿਆ ਤਾਂ ਚਾਰ ਦਿਨ ਅਗੋਂ ਇਕ ਸਰ੍ਹੋਂ ਦੀ ਬੋਰੀ ਭੇਜ ਦਿਤੀ ਕਿ ਜੇ ਮੁੰਡੇ ਵਿਚ ਕਰਾਮਾਤ ਹੈ ਤਾਂ ਜੰਝ ਵਿਚ ਇਸ ਬੋਰੀ ਦੇ ਦਾਣਿਆਂ ਜਿਤਨੇ ਬੰਦੇ ਆਉਣ ਅਤੇ ਹਰ ਕਿਸਮ ਦੀ ਸਵਾਰੀ ਜ਼ਰੂਰ ਨਾਲ ਹੋਵੇ।

ਰਾਜੇ ਦੇ ਮੁੰਡੇ ਲਈ ਤਾਂ ਮਾਮੂਲੀ ਜਹੀ ਗੱਲ ਸੀ। ਜੰਝ ਜਾਣ ਤੋਂ ਇਕ ਦਿਨ ਅਗੋਂ ਉਸ ਨੇ ਸਾਰੀ ਚੀਜ਼ ਤਿਆਰ ਕਰ ਲਈ ਹਰ ਕਿਸਮ ਦੀਆਂ ਸਵਾਰੀਆਂ, ਰੇਲਾਂ, ਮੋਟਰਾਂ, ਰੱਥ, ਹਵਾਈ ਜਹਾਜ਼ ਆਦਿ ਸੱਭ ਸਵਾਰੀਆਂ ਕਾਇਮ ਕਰ ਲਏ।

ਜੰਝ ਢੁੱਕ ਪਈ। ਰਾਤ ਨੂੰ ਰਾਜੇ ਦੇ ਮੁੰਡੇ ਤੇ ਉਸ ਦੀ ਮੰਗੇਤ੍ਰ ਨੂੰ ਇਕ ਸਪੈਸ਼ਲ ਕਮਰਾ ਗੱਲਾਂ ਕਰਨ ਲਈ ਦਿਤਾ ਗਿਆ ਜਿਵੇਂ ਕਿ ਉਸ ਸਮੇਂ ਰਾਜਿਆਂ ਦੇ ਆਮ ਰਵਾਜ਼ ਹੁੰਦਾ ਸੀ ਰਾਜੇ ਦੇ ਮੁੰਡੇ ਨੇ ਮਣੀ ਉਸ ਵੇਲੇ ਚੀਚੀ ਵਿਚ ਪਾਈ ਹੋਈ ਸੀ। ਰਾਤ ਨੂੰ ਲੜਕੀ ਨੇ ਪੁਛਿਆ 'ਜੀ ਐਹ ਕੀ ਚੀਜ਼ ਹੋਈ'

ਇਹ ਸਾਰੀਆਂ ਏਸੇ ਦੀਆਂ ਹੀ ਮਿਹਰਬਾਨੀਆਂ ਨੇ।' ਰਾਜੇ ਦੇ ਮੁੰਡੇ ਨੇ ਕੁਝ ਘੁਮੰਡ ਜੇਹੇ ਨਾਲ ਕਰਿ ਦਿਤਾ ਆਖੀਰ ਉਸ ਨੇ ਕੁੜੀ ਦੇ ਪੁੱਛਣ ਤੇ ਉਤੇ ਬਚਨ ਕਰਨ ਦੇ ਸਾਰੇ ਢੰਗ ਦਸ

ਦਿਤੇ।

ਰਾਜੇ ਦੀ ਕੁੜੀ ਦੀ ਉਸ ਸ਼ਹਿਰ ਦੇ ਇਕ ਸੁਨਿਆਰ ਨਾਲ ਗਲਬਾਤ ਸੀ। ਰਾਤ ਨੂੰ ਜਦੋਂ ਰਾਜੇ ਦਾ ਮੁੰਡਾ ਸੌਂ ਗਿਆ ਤਾਂ ਉਹ ਸੁਨਿਆਰ ਕੋਲ ਗਈ ਤੇ ਉਸ ਨੇ ਉਸ ਨੂੰ ਸਾਰੀ ਕਹਾਣੀ ਸੁਣਾਈ। ਸੁਨਿਆਰ ਬਹੁਤ ਖੁਸ਼ ਹੋਇਆ। ਉਨ੍ਹਾਂ ਨੇ ਇਕ ਆਜੜੀ ਕੋਲੋਂ ਜਾਕੇ ਇਕ ਨਿੱਕਾ ਜੇਹਾ ਪਠਾਰੂ ਲੈ ਆਂਦਾ ਤੇ ਉਸ ਨੂੰ ਝੱਟਕ ਕੇ ਨਿੱਕੀਆਂ ਨਿੱਕੀਆਂ ਬੋਟੀਆਂ ਕਰ ਲਈਆਂ। ਮਣੀ ਉਸ ਦੇ ਹੱਥ ਵਿਚੋਂ ਕੱਢ ਲਈ। ਬੋਟੀਆਂ ਉਸ ਦੇ ਮੰਜੇ ਤੇ ਖਿੰਡਾ ਦਿਤੀਆਂ। ਰਾਜੇ ਦੀ ਕੁੜੀ ਨੇ ਇਸ਼ਨਾਨ ਕੀਤਾ। ਇਕ ਪਲੰਘ ਉਤੇ ਸੁਨਿਆਰ ਨੂੰ ਬੈਠਾ ਲਿਆ ਤੇ ਆਪ ਬੈਠ ਗਈ। ਮਣੀ ਨੂੰ ਧੂਫ ਦੇ ਕੇ ਬਚਨ ਕੀਤਾ।

'ਹੇ ਬਾਸ਼ਕ ਨਾਗ ਦੀਏ ਮਣੀਏਂ! ਸਾਡਾ ਪਲੰਘ ਸਮੁੰਦਰ ਤੋਂ ਪਾਰ ਚਲਾ ਜਾਵੇ।' ਪਲੰਘ ਹਵਾਈ ਜਹਾਜ਼ ਵਾਂਗ ਬੜੀ ਤੇਜ਼ੀ ਨਾਲ ਉੱਡ ਕੇ ਸਮੁੰਦਰ ਤੋਂ ਪਾਰ ਪੁੱਜ ਗਿਆ।

ਏਧਰ ਦਿਨ ਚੜ੍ਹਿਆ। ਬਰਾਤ ਉਠੀ ਅਨੰਦ ਕਾਰਜ ਲਈ ਲੜਕਾ ਅਤੇ ਲੜਕੀ ਨੂੰ ਸੱਦਾ ਭੇਜਿਆ। ਜਦੋਂ ਕਮਰੇ ਵਿਚ ਜਾ ਕੇ ਵੇਖਿਆ ਤਾਂ ਰਾਜੇ ਦਾ ਮੁੰਡਾ ਮੰਜੇ ਉਤੇ ਬੈਠਾ ਬਿਤਰ ਬਿਤਰ ਵੇਖ ਰਿਹਾ ਸੀ। ਮਾਸ ਦੀਆਂ ਬੋਟੀਆਂ ਉਸ ਦੇ ਮੰਜੇ ਤੇ ਪਈਆਂ ਸਨ। ਹੌਲੀ ਹੌਲੀ ਇਹ ਗੱਲ ਉਸ ਕੁੜੀ ਦੇ ਪਿਉ ਕੋਲੇ

ਚਲੀ ਗਈ। ਉਸ ਨੇ ਸਾਰੀ ਜੰਞ ਨੂੰ ਵਾਪਸ ਭੇਜ ਦਿੱਤਾ ਅਤੇ ਰਾਜੇ ਦੇ ਮੁੰਡੇ ਨੂੰ ਫੜਕੇ ਹਵਾਲਾਤ ਵਿਚ ਦੇ ਦਿੱਤਾ।

ਰਾਜਾ ਆਪ ਰੋਂਦਾ ਪਿਟਦਾ ਬੂਟੀਆਂ ਪੁਟਦਾ ਘਰ ਆਣ ਵੜਿਆ। ਰੰਗ ਵਿਚ ਭੰਗ ਪੈ ਗਿਆ। ਮੁੰਡੇ ਦੀ ਮਾਂ ਨੇ ਆਖਿਆ 'ਮਹਾਰਾਜ ਅਗੇ ਇਕ ਜਾਨਵਾਰ ਨੇ ਪਿਟਣੇ ਪਾਏ ਨੇ ਇਹ ਤਿੰਨ ਜਾਨਵਰ ਵੀ ਆਪਾਂ ਬਾਹਰ ਛੱਡ ਆਉ।'

ਰਾਜਾ ਉਹਨਾਂ ਜਾਨਵਰਾਂ ਨੂੰ ਬਾਹਰ ਛੱਡ ਆਇਆ। ਜਾਨਵਰ ਤਿੰਨ ਬਹੁਤ ਸਿਆਣੇ ਸਨ। ਉਹ ਸਾਰੀਆਂ ਗੱਲਾਂ ਸੁਣਦੇ ਰਹੇ ਸਨ। ਉਹ ਤਿੰਨ ਜਣੇ ਤੁਰਦੇ ਤੁਰਦੇ ਉਸ ਜੇਲ੍ਹ ਕੋਲੇ ਪੁਜ ਗਏ ਜਿਥੇ ਉਨ੍ਹਾਂ ਦਾ ਮਾਲਕ ਹਵਾਲਾਟ ਕਰ ਦਿਤਾ ਸੀ।

ਕੁੱਤੇ ਨੇ ਚੂਹੇ ਨੂੰ ਭੇਜਿਆ ਕਿ ਤੂੰ ਖਬਰ ਲੈ ਕੇ ਆ। ਚੂਹਾ ਗਿਆ ਤੇ ਜਾ ਕੇ ਆਪਣੇ ਮਾਲਕ ਦੇ ਹੱਥ ਤੇ ਬੈਠ ਗਿਆ ਮਾਲਕ ਨੇ ਉਸ ਨੂੰ ਪਿਆਰ ਦੇ ਕੇ ਪੁਛਿਆ 'ਕਿਉਂ ਹੋ ਕੋਈ ਉਪਾ ?

'ਉਪਾ ਕਰਨ ਖਾਤਰ ਜਾ ਰਹੇ ਹਾਂ।' ਆਖਕੇ ਚੂਹਾ ਤੁਰ ਪਿਆ ਤੇ ਬਾਹਰ ਕੁੱਤੇ ਹੋਰਾਂ ਕੋਲੇ ਪੁੱਜ ਗਿਆ। ਉਹ ਤੁਰ ਪਏ ਕਈ ਦਿਨ ਤੁਰਦੇ ਗਏ। ਅਖੀਰ ਇਕ ਸਮੁੰਦਰ ਦਾ ਕਿਨਾਰਾ ਆ ਗਿਆ। ਕੁੱਤੇ ਨੇ ਚੂਹੇ ਅਤੇ ਬਿੱਲੀ ਨੂੰ ਆਪਣੀ ਪਿੱਠ ਤੇ ਬਿਠਾ ਲਿਆ ਅਤੇ ਸਮੁੰਦਰ ਵਿਚ ਤਰਨਾ ਸ਼ੁਰੂ ਕਰ ਦਿਤਾ।

ਉਹ ਸਮੁੰਦਰ ਲੰਘ ਗਏ। ਅਖੀਰ ਉਨ੍ਹਾਂ ਜਾਂਦਿਆਂ ਨੂੰ

ਇਕ ਕੋਠੀ ਕੋਲੇ ਰਾਤ ਪੈ ਗਈ ਜੋ ਕੋਠੀ ਉਸ ਥਾਂ ਨਵੇਕਲੀ ਜੇਹੀ ਥਾਂ ਤੇ ਸੀ । ਉਹ ਤਿੰਨੇ ਜਣੇ ਕੋਠੀ ਦੇ ਪਿਛੇ ਬੈਠ ਗਏ ਤੇ ਅੰਦਰੋਂ ਗੱਲਾਂ ਦੀਆਂ ਇਉਂ ਅਵਾਜ਼ਾਂ ਆ ਰਹੀਆਂ ਸਨ ।

'ਜੀ ਤੁਸੀਂ ਮਣੀ ਕਿੱਥੇ ਰਖਦੇ ਹੁੰਦੇ ਹੋ ।' ਔਰਤ ਦੀ ਆਵਾਜ਼ ਸੀ । ਉਹ ਤਾਂ ਆਪ ਦੀ ਚੀਹਚੀ ਵਿਚ ਰਖਦਾ ਹੁੰਦਾ ਸੀ ।

'ਮੈਂ ਤਾਂ ਸੰਘ ਵਿਚ ਰਖਦਾ ਹਾਂ ।' ਆਦਮੀ ਦੀ ਆਵਾਜ਼ ਸੀ ।

ਤਿੰਨੇ ਜਾਨਵਰ ਬੜੇ ਸਿਆਣੇ ਸਨ । ਉਨ੍ਹਾਂ ਨੇ ਸਾਰੀ ਵਿਥਿਆ ਸਮਝ ਲਈ । ਚੂਹੇ ਨੇ ਆਖਿਆ ਹੁਣ ਕੀ ਉਪਾ ਬਣੇ । ਕੁੱਤਾ ਤੇ ਬਿੱਲੀ ਸੋਚੀਂ ਪੈ ਗਏ । ਅਖੀਰ ਚੂਹੇ ਨੂੰ ਸੁੱਝ ਪਈ । ਚੂਹਾ ਬੋਲਿਆ–ਮੈਂ ਤੇ ਬਿੱਲੋ ਜਾਵਾਂਗ । ਜਦੋਂ ਉਹ ਸੌਂ ਗਏ ਤਾਂ ਮੈਂ ਉਸ ਆਦਮੀ ਜਿਸ ਦੇ ਸੰਘ ਵਿਚ ਮਣੀ ਹੈ, ਦੀ ਹਿੱਕ ਤੇ ਬੈਠ ਕੇ ਨੱਕ ਵਿਚ ਪੂਛ ਦੇ ਦੇਵਾਂਗਾ । ਉਸ ਨੂੰ ਨਿੱਛ ਆਵੇਗੀ । ਮਣੀ ਨਿਕਲ ਕੇ ਬਾਹਰ ਡਿੱਗ ਪਵੇਗੀ । ਬਿੱਲੋ ਚੁੱਕ ਲਵੇਗੀ ਤੇ ਅਸੀਂ ਬਾਹਰ ਆ ਜਾਵਾਂਗੇ । ਤਿੰਨੇ ਜਣੇ ਰਜ਼ਾਮੰਦ ਹੋ ਗਏ ।

ਕੋਈ ਪਹਿਰ ਕੁ ਰਾਤ ਲੰਘੀ, ਅੰਦਰੋਂ ਘੁਰਾੜਿਆਂ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ । ਚੂਹਾ ਤੇ ਬਿੱਲੀ ਦੋਵੇਂ ਅੰਦਰ ਗਏ । ਚੂਹੇ ਨੇ ਏਸ ਤਰ੍ਹਾਂ ਹੀ ਕੀਤਾ । ਜਦੋਂ ਹਿੱਕ ਤੇ ਬੈਠ ਕੇ ਉਸ ਦੇ ਨੱਕ ਵਿਚ ਪੂਛ ਦਿਤੀ ਤਾਂ ਉਸ ਨੂੰ ਨਿੱਛ ਆਈ । ਮਣੀ

ਨਿਕਲ ਕੇ ਬਾਹਰ ਡਿੱਗ ਪਈ, ਬਿੱਲੀ ਨੂੰ ਮਣੀ ਲੱਭ ਨਾ ਸਕੀ। ਚੂਹੇ ਨੇ ਝੱਟ ਉਤਰ ਕੇ ਮਣੀ ਚੁੱਕੀ ਅਤੇ ਬਾਹਰ ਆ ਗਏ। ਉਹ ਬਹੁਤ ਖੁਸ਼ ਸਨ। ਚੂਹੇ ਨੇ ਮਣੀ ਕੁੱਤੇ ਨੂੰ ਫੜਾ ਦਿਤੀ ਉਹ ਤੁਰ ਪਏ ਆਖੀਰ ਉਸੇ ਸਮੁੰਦਰ ਤੇ ਆ ਗਏ ਜਿਸ ਨੂੰ ਉਹ ਲੰਘਕੇ ਗਏ ਸਨ। ਕੁੱਤੇ ਨੇ ਉਸੇ ਤਰ੍ਹਾਂ ਬਿੱਲੀ ਚੂਹੇ ਨੂੰ ਆਪਣੀ ਪਿੱਠ ਤੇ ਬੈਠਾ ਲਿਆ। ਮਣੀ ਕੁੱਤੇ ਦੇ ਮੂੰਹ ਵਿਚ ਸੀ। ਜਦੋਂ ਉਹ ਕਿਨਾਰੇ ਦੇ ਕੋਲ ਪੁੱਜੇ ਤਾਂ ਅੱਗੇ ਇਕ ਹੋਰ ਕੁੱਤਾ ਖਲੋਤਾ ਸੀ। ਕੁੱਤਾ ਉਸ ਕੁੱਤੇ ਨੂੰ ਵੇਖ ਕੇ ਭੌਂਕ ਉਠਿਆ ਮਣੀ ਮੂੰਹ ਵਿਚੋਂ ਨਿਕਲ ਕੇ ਸਮੁੰਦਰ ਵਿਚ ਡਿੱਗ ਪਈ।

ਚੂਹੇ ਨੇ ਦੋ ਟੁਭੀਆਂ ਲਾਈਆਂ। ਪਰ ਮਣੀ ਨਾ ਨਿਕਲ ਸਕੀ। ਤੀਜੀ ਟੁਬੀ ਨੂੰ ਚੂਹਾ ਮਣੀ ਕੱਢ ਲਿਆਇਆ। ਜਦੋਂ ਉਸ ਕੁੱਤੇ ਨੂੰ ਫੜਾਣ ਲੱਗਾ ਤਾਂ ਇਕ ਇਲ੍ਹ ਆਈ ਉਹ ਮਣੀ ਖੋਹਕੇ ਲੈ ਗਈ। ਹੁਣ ਉਨ੍ਹਾਂ ਦੇ ਹੌਸਲੇ ਕੁਝ ਮੱਠੇ ਪੈ ਗਏ। ਪ੍ਰੰਤੂ ਉਨ੍ਹਾਂ ਨੇ ਇਲ੍ਹ ਵਲ ਅੱਖ ਰੱਖੀ।

ਇਲ੍ਹ ਥੋੜੀ ਦੀ ਦੂਰ ਜਾ ਕੇ ਇਕ ਦਰਖ਼ਤ ਤੇ ਬੈਠ ਗਈ ਚੂਹੇ ਨੇ ਕੁੱਤੇ ਨੂੰ ਕਿਹਾ ਕਿ ਜੇ ਤੂੰ ਦਰਖ਼ਤ ਤੇ ਚੜ੍ਹਿਆ ਜਾਂ ਬਿੱਲੀ ਚੜ੍ਹੀ ਤਾਂ ਉਹ ਉਡ ਜਾਵੇਗੀ ਜੇ ਮੈਂ ਗਿਆ ਤਾਂ ਭੋਜਨ ਬਣ ਜਾਵੇਗਾ। ਅਖੀਰ ਚੂਹੇ ਨੂੰ ਸੁਝ ਪਈ। ਚੂਹੇ ਨੇ ਆਖਿਆ ਕਿ ਔਹ ਦੋ ਕੋਲੇ ਕੋਲੇ ਝਾੜੀ ਹਨ। ਮੈਂ ਉਨ੍ਹਾਂ ਦੇ ਵਿਚਕਾਰ

ਸਾਹ ਘੜੀਸਕੇ ਪੈ ਜਾਂਦਾ ਹਾਂ । ਇਲ੍ਹ ਮੈਨੂੰ ਖਾਣ ਲਈ ਚੁੱਕਣ ਆਵੇਗੀ ਤੁਸੀਂ ਝਾੜੀਆਂ ਉਹਲੇ ਲੁਕ ਕੇ ਬੈਠ ਜਾਵੋ ਜਦੋਂ ਇਲ੍ਹ ਆਵੇ ਤੁਸੀਂ ਦੱਬ ਲੈਣਾ ।

ਏਸੇ ਤਰ੍ਹਾਂ ਹੋਇਆ ਚੂਹਾ ਪੈ ਗਿਆ । ਬਿੱਲੀ ਤੇ ਕੁੱਤਾ । ਝਾੜੀਆਂ ਉਹਲੇ ਛੁਪ ਕੇ ਬੈਠ ਕੇ ਜਦੋਂ ਇਲ੍ਹ ਆਈ ਤਾਂ ਬਿੱਲੀ ਨੇ ਛਾਲ ਮਾਰ ਕੇ ਝੱਠ ਲਈ ਅਤੇ ਗਰਦਨ ਮਰੋੜ ਸੁੱਟੀ । ਮਣੀ ਕੱਢ ਲਈ ਤੇ ਚਲਦੇ ਬਣੇ ।

ਆਪਣੇ ਮਾਲਕ ਕੋਲੇ ਪੁੱਜ ਗਏ ਸਾਰੀ ਵਿਥਿਆ ਦੱਸੀ ਉਸ ਨੇ ਚੂਹੇ ਨੂੰ ਚੁੱਕ ਕੇ ਗਲ ਨਾਲ ਲਗਾ ਲਿਆ ਤੇ ਉਸ ਦੀਆਂ ਅੱਖਾਂ ਵਿਚੋਂ ਦੋ ਹੰਝੂ ਡਿੱਗ ਪਏ । ਰਾਜੇ ਦੇ ਮੁੰਡੇ ਨੇ ਗੁਗਲ ਲਿਆਣ ਲਈ ਕਿਹਾ ਚੂਹਾ ਇਕ ਹੱਟੀ ਵਿਚ ਗਿਆ ਤੇ ਉਥੋਂ ਗੁਗਲ ਵਾਲੀ ਡੱਬੀ ਖਿੱਚ ਲਿਆਇਆ । ਏਸੇ ਤਰ੍ਹਾਂ ਦੀਆਂ ਸਲਾਈ ਦੀ ਡੱਬੀ ਲੈ ਆਇਆ ਤੇ ਸੁੱਕੇ ਹੋਏ ਸਰਕੜੇ ਦੇ ਚਾਰ ਡਾਲ ਅੱਗ ਲਗਾਣ ਲਈ ਕਿਤੇ ਮਾਲਕ ਨੂੰ ਲਿਆ ਕੇ ਦਿਤੇ ।

ਰਾਜੇ ਦੇ ਮੁੰਡੇ ਨੇ ਸੰਤਰੀ ਨੂੰ ਆਖਕੇ ਪਾਣੀ ਦੀ ਬਾਲਟੀ ਮੰਗਵਾਈ ਅਤੇ ਨਹਾ ਕੇ ਮਣੀ ਤੇ ਬਚਨ ਕਰ ਦਿਤਾ ਕਿ 'ਇਹ ਜੇਲ੍ਹ ਟੁੱਟ ਜਾਵੇ ਜੱਦੋਂ ਵੀ ਬੱਝੇ ਟੁਟ ਜਾਵੇ ।' ਜੇਲ੍ਹ ਟੁੱਟ ਗਈ ਰਾਜੇ ਨੇ ਕਈਂ ਵਾਰ ਬੰਦੋਬਸਤ ਕੀਤਾ ਜ਼ੇਲ੍ਹ ਫਿਰ ਟੁੱਟ ਜਾਵੇ ।

ਆਖੀਰ ਰਾਜੇ ਨੂੰ ਪਤਾ ਲੱਗਾ ਉਸੇ ਲੜਕੇ ਦੀ ਸ਼ਰਾਰਤ ਹੈ। ਰਾਜੇ ਨੇ ਲੜਕੇ ਨੂੰ ਕੋਲ ਬੁਲਾਇਆ ਤੇ ਪੁਛਿਆ 'ਕੀ ਇਹ ਤੇਰੀ ਕਰਤੂਤ ਹੈ।' ਮੁੰਡੇ ਨੇ ਜੋਸ਼ ਵਿਚ ਆ ਕੇ ਆਖਿਆ 'ਹਾਂ ਜਨਾਬ ਮੇਰੀ'।

'ਮੈਂ ਤੈਨੂੰ ਫਾਂਸੀ ਲਾ ਦੇਵਾਂਗਾ।' ਬਾਦਸ਼ਾਹ ਨੇ ਧਮਕੀ ਦਿਤੀ।

ਮੁੰਡੇ ਨੂੰ ਰੋਹਬ ਆ ਗਿਆ ਉਹ ਬੋਲਣ ਤੋਂ ਨਾ ਰਹਿ ਸਕਿਆ।' ਮੇਰੇ ਵਿਚ ਬਾਦਸ਼ਾਹ! ਐਤਨੀ ਸ਼ਕਤੀ ਹੈ ਕਿ ਸ਼ਹਿਰ ਨੂੰ ਉਲਟਾ ਮਕਦਾ ਹਾਂ। ਤੇਰੀ ਉਹੀ ਲੜਕੀ ਜਿਸ ਦੀਆਂ ਕਰਤੂਤਾਂ ਬਦਲੇ ਇਹ ਸਜਾ ਭੁਗਤ ਰਿਹਾ ਹਾਂ। ਜੇ ਤੇਰੇ ਕੋਲੇ ਹਾਜ਼ਰ ਕਰਾਂ ਤਾਂ ਫੇਰ ਮੰਨੇ।'

ਰਾਜਾ ਹੈਰਾਨ ਹੋਕੇ ਕਹਿਣ ਲਗਾ 'ਮੈਂ ਤੈਨੂੰ ਬਰੀ ਕਰਕੇ ਆਪਣੀ ਗੱਤੀ ਤੇ ਬਿਠਾਵਾਂਗਾ ਜੇ ਇਹ ਗੱਲ ਹੋਵੇ।'

ਉਸ ਨੇ ਨਹਾਵਣ ਦੀ ਸਾਮਿਗਰੀ ਮੰਗਵਾਈ ਤੇ ਬਚਨ ਕੀਤਾ ਇਕ ਘੰਟੇ ਦੇ ਅੰਦਰ ਅੰਦਰ ਸੁਨਿਆਰ ਅਤੇ ਰਾਜੇ ਦੀ ਕੁੜੀ ਦਾ ਪਲੰਘ ਜਹਾਜ ਵਾਂਜ ਘੁੱਕਦਾ ਆ ਗਿਆ। ਬਾਦਸ਼ਾਹ ਦੀਆਂ ਨਜ਼ਰਾਂ ਨੀਵੀਆਂ ਪੈ ਗਈਆਂ। ਉਸ ਨੇ ਉਸ ਲੜਕੇ ਨੂੰ ਬਰੀ ਕਰਕੇ ਆਪਣੀ ਛੋਟੀ ਲੜਕੀ ਨਾਲ ਵਿਆਹ ਕਰ ਦਿਤਾ। ਵੱਡੀ ਕੁੜੀ ਅਤੇ ਸੁਨਿਆਰੇ ਨੂੰ ਟੋਇਆਂ ਵਿਚ ਗੱਡ ਕੇ ਕੁਤਿਆਂ ਤੋਂ ਪੜਵਾ ਦਿਤਾ। ਰਾਜੇ ਨੇ ਉਸ ਲੜਕੇ ਨੂੰ ਰਾਜ ਗੱਦੀ

ਸੰਭਾਲ ਦਿੱਤੀ ।

ਹੁਣ ਉਸ ਰਾਜੇ ਦਾ ਮੁੰਡਾ ਰਾਜਾ ਬਣ ਗਿਆ । ਵਿਆਹ ਹੋ ਗਿਆ । ਆਪਣੇ ਮਾਤਾ ਪਿਤਾ ਨੂੰ ਕੋਲ ਬੁਲਾ ਲਿਆ । ਤਿੰਨਾਂ ਜਾਨਵਰਾਂ ਨੂੰ ਸੋਨੇ ਦੇ ਪਿੰਜਰਿਆਂ ਵਿਚ ਬੰਦ ਕਰ ਦਿਛਾ ਉਂਝ ਉਨ੍ਹਾਂ ਨੂੰ ਪੂਰੀ ਅ ਜ਼ਾਦੀ ਸੀ ।



# ਏਕੇ ਦੀ ਬਰਕਤ

ਕਿਸੇ ਪਿੰਡ ਵਿਚ ਦੋ ਟੱਬਰ ਰਹਿੰਦੇ ਸਨ। ਦੋਵਾਂ ਟੱਬਰਾਂ ਦੇ ਚਾਰ ਚਾਰ ਮੁੰਡੇ ਸਨ। ਦੋਵਾਂ ਟੱਬਰਾਂ ਕੋਲ ਘਟ ਜਾਇਦਾਦ ਸੀ, ਜਿਸ ਕਰਕੇ ਉਨ੍ਹਾਂ ਨੂੰ ਗ਼ਰੀਬੀ ਨੇ ਦਬਿਆ ਹੋਇਆ ਸੀ। ਉਨ੍ਹਾਂ ਵਿਚੋਂ ਇਕ ਟਬਰ ਦਾ ਆਪੋ ਵਿਚ ਬਹੁਤ ਏਕਾ ਸੀ ਅਤੇ ਦੂਜੇ ਟਬਰ ਦਾ ਆਪੋ ਵਿਚ ਏਕਾ ਨਹੀਂ ਸੀ। ਜੇ ਕੋਈ ਇਕ ਦੂਜੇ ਨੂੰ ਕੰਮ ਕਰਨ ਲਈ ਆਖਦਾ ਤਾਂ ਉਹ ਝਟ ਜਵਾਬ ਦੇ ਦਿੰਦਾ ਤੇ ਆਖਦਾ 'ਤੂੰ ਕਰ ਲੈ ਤੇਰੇ ਹਥ ਪੈਰ ਟੁਟੇ ਹੋਏ।

ਇਕ ਦਿਨ ਏਕਾ ਰਖਣ ਵਾਲਾ ਸਾਰਾ ਟਬਰ ਘਰੋਂ ਰੁਜ਼ਗਾਰ ਲਭਣ ਲਈ ਨਿਕਲ ਤੁਰਿਆ। ਉਹ ਪਿੰਡੋਂ ਬਹੁਤ ਦੂਰ ਚਲੇ ਗਏ। ਦੂਰ ਜਾਕੇ ਉਨ੍ਹਾਂ ਇਕ ਦਰਖੱਤ ਥਲੇ ਡੇਰਾ ਲਾ ਲਿਆ। ਸ਼ਾਮ ਨੂੰ ਉਨ੍ਹਾਂ ਰੋਟੀ ਪਕਾਣ ਦਾ ਪ੍ਰੋਗਰਾਮ ਬਣਾਇਆ। ਉਸ ਟੱਬਰ ਦੇ ਸਰਦਾਰ ਤਥਾ ਉਨਾਂ ਮੁੰਡਿਆਂ ਦੇ ਪਿਤਾ ਨੇ ਪੁਛਿਆ 'ਬਈ ਲਕੜਾਂ ਕੌਣ ਲਿਆਵੇਗਾ ?

'ਮੈਂ ਜਾਵਾਂਗਾ।' ਵੱਡੇ ਮੁੰਡੇ ਨੇ ਆਖਿਆ।

ਦੂਜਾ ਬੋਲਿਆ 'ਮੈਂ ਹੁਣੇ ਲਿਆਉਂਦਾ ਹਾਂ।'

ਤੀਜਾ ਬੋਲਿਆ 'ਮੈਂ ਜਾਂਦਾ ਹਾਂ।

ਚੌਥਾ ਬੋਲਿਆ 'ਸਾਰੇ ਹੀ ਰਹੋ ਮੈਂ ਲਿਆਂਦਾ ਹਾਂ।'

ਚੌਥਾ ਮੁੰਡਾ ਗਿਆ ਤੇ ਲਕੜਾਂ ਲਿਆਇਆ। ਅੱਗ ਬਾਲ ਲਈ। ਏਵੇਂ ਜਿਕਰ ਬਾਜ਼ਾਰ ਵਿਰੋਂ ਰਸਦ ਲਿਆਉਣ ਲਈ ਇਕ ਦੂਜਾ ਮੂਹਰੇ ਤੋਂ ਮੂਹਰੇ ਗਿਆ। ਉਨ੍ਹਾਂ ਭੋਜਨ ਬਣਾਇਆ ਤੇ ਖਾਧਾ।

ਜਿਸ ਦਰਖਤ ਥੱਲੇ ਉਨ੍ਹਾਂ ਰਿਹਾਇਸ਼ ਰਖੀ ਹੋਈ ਸੀ ਉਸ ਉਤੇ ਇਕ ਚਕਵਾ ਤੇ ਚਕਵੀ ਰਹਿੰਦੇ ਸਨ। ਉਨ੍ਹਾਂ ਲੜਕਿਆਂ ਦ ।ਪਤਾ ਨੇ ਆਖਿਆ ਜੇ ਤੁਸੀਂ ਚਕਵਾ ਤੇ ਚਕਵੀ ਨੂੰ ਮਾਰ ਕੇ ਲਿਆਵੋ ਤਾਂ ਠੀਕ ਹੈ। ਉਨ੍ਹਾਂ ਵਿਚ ਹਰ ਇਕ ਦੂਜੇ ਤੋਂ ਅਗੇ ਬ੍ਰਿਛ ਤੇ ਚੜ੍ਹਨ ਦਾ ਯਤਨ ਕੀਤਾ। ਪਰ ਹਾਲੇ ਕੋਈ ਨਹੀਂ ਸੀ ਆਪੋ ਵਿਚ ਇਕ ਦੂਜ਼ੇ ਤੋਂ ਅਗੇ ਹੋ ਰਿਹਾ ਸੀ।

ਚਕਵਾ ਤੇ ਚਕਵੀ ਵੀ ਇਸ ਵਾਰਤਾਲਾਪ ਨੂੰ ਗੌਹ ਨਾਲ ਸੁਣ ਰਹੇ ਸਨ। ਚਕਵਾ ਬੋਲਿਆ 'ਹੇ ਮਹਾਰਾਜ! ਤੁਸੀਂ ਉਪਰ ਆਣ ਦਾ ਕਸ਼ਟ ਨਾ ਕਰੋ। ਤੁਸੀਂ ਇਸ ਦਰਖਤ ਦੇ ਹੇਠਾਂ ਥਾਂ ਪਟ ਇਥੇ ਬੇਅੰਤ ਪੈਸਾ ਦਬਿਆ ਹੋਇਆ ਹੈ। ਕੱਢ ਲਵੋ ਤੇ ਆਪਣੀ ਜ਼ਿੰਦਗੀ ਨੂੰ ਚੰਗੀ ਬਣਾਓ।

ਉਨ੍ਹਾਂ ਨੇ ਨਾਲ ਦੇ ਸ਼ਹਿਰ ਚੋਂ ਦੋ ਕਹੀਆਂ ਲੈ ਆਂਦੀਆਂ। ਥਾਂ ਪੁਟਣਾ ਸ਼ੁਰੂ ਕਰ ਦਿਤਾ। ਉਨ੍ਹਾਂ ਨੇ ਕਾਫ਼ੀ ਥਾਂ ਪੁਟਿਆ। ਹੇਠੋਂ ਇਕ ਮੋਹਰਾਂ ਦੀ ਗਾਗਰ ਨਿਕਲ ਆਈ। ਉਨ੍ਹਾਂ ਨੇ ਸਾਰਾ ਧਨ ਆਪਣੇ ਕਬਜੇ ਵਿਚ ਕਰ ਲਿਆ। ਰਾਤ ਕੱਟੀ। ਦਿਨ ਚੜ੍ਹਿਆ। ਉਹ ਵਾਪਸ ਆਪਣੇ ਪਿੰਡ ਨੂੰ ਚੱਲ ਪਏ।

ਉਨ੍ਹਾਂ ਆਣ ਕੇ ਸਾਰਾ ਕਾਰੋਬਾਰ ਚੰਗਾ ਬਣਾ ਲਿਆ। ਹੁਣ ਦੂਜੇ ਟਬਰ ਨੇ ਸੀ ਇਨ੍ਹਾਂ ਦੀ ਰੀਸ ਕਰਨੀ ਚਾਹੀ। ਉਨ੍ਹਾਂ ਨੇ ਪੁਛ ਕੀਤੀ। ਉਨ੍ਹਾਂ ਨੇ ਸਾਰੀ ਕਹਾਣੀ ਜੋ ਦਰਖਤ ਹੇਠ ਬੀਤੀ ਸੀ ਸੁਣਾ ਦਿੱਤੀ।

ਦੂਜੇ ਦਿਨ ਹੀ ਦੂਜੇ ਟੱਬਰ ਨੇ ਵੀ ਖਜਾਨੇ ਦੀ ਭਾਲ ਵਿਚ ਸਫਰ ਕਰਨਾਂ ਸ਼ੁਰੂ ਕਰ ਦਿਤਾ। ਫਿਰਦੇ ਫਿਰਾਂਦੇ ਉਹ ਉਸੇ ਬ੍ਰਿਛ ਹੇਠ ਪੁੱਜ ਗਏ ਜਿਸ ਬ੍ਰਿਛ ਦੀ ਵਾਰਤਾ ਉਨ੍ਹਾਂ ਨੂੰ ਪਹਿਲੇ ਟਬਰ ਨੇ ਦੱਸੀ ਸੀ।

ਚਕਵਾ ਤੇ ਚਕਵੀ ਵੀ ਦਰਖਤ ਉਪਰ ਬੈਠੇ ਸਨ। ਸ਼ਭ ਤੋਂ ਪਹਿਲਾਂ ਉਨ੍ਹਾਂ ਨੇ ਚੁਲਾ ਪੁਛਿਆ। ਫੇਰ ਇਸ ਟਬਰ ਦੇ ਸਰਦਾਰ (ਪਿਤਾ) ਨੇ ਵੱਡੇ ਮੁੰਡੇ ਨੂੰ ਆਖਿਆ 'ਧਰਮਿਆਂ ! ਲਕੜਾਂ ਤਾਂ ਲਿਆ।'

'ਮੱਘਰ ਨੂੰ ਭੇਜ ਦੇ ਉਹਦੇ ਨੈਣ ਪਰਾਣ ਟੁੱਟੇ ਹੋਏ ਐ' ਧਰਮੇ ਨੇ ਹਰਖ ਨਾਲ ਉਹਨੂੰ ਆਖ ਦਿਤਾ। ਲੱਕੜਾਂ ਲੈਣ ਕੋਈ ਨਾ ਗਿਆ। ਉਨ੍ਹਾਂ ਦਾ ਪਿਤਾ ਵੀਚਾਰਾ ਆਪ ਉਠਿਆ ਤੇ ਕੁੱਝ

ਲਕੜਾਂ ਲੈ ਆਇਆ। ਫੇਰ ਧਰਮੇ ਦੇ ਪਿਤਾ ਨੇ ਸੱਭ ਤੋਂ ਛੋਟੇ ਪੁਤਰ ਨੂੰ ਆਖਿਆ 'ਜਾਹ ਪਾਲਿਆ! ਬਜ਼ਾਰੋਂ ਆਟਾ ਲੈ ਆ।'

'ਮੈਂ ਕੀ ਕਰਾਂ ਮੈਨੂੰ ਤਾਂ ਨੀਂਦ ਆਉਂਦੀ ਐ। ਸਾਰੇ ਦਿਨ ਦੇ ਕੰਮ ਕਰਦੇ ਮਰੇ ਪਏਆਂ।' ਉਸ ਨੇ ਤਲਖ਼ੀ ਨਾਲ ਜਵਾਬ ਦਿਤਾ ਤੇ ਆਪਣੇ ਦੂਜੇ ਭਰਾ ਤੇ ਜ਼ੁਮੇਂਵਾਰੀ ਸੁਟਦੇ ਨੇ ਕਿਹਾ। ਕਿਰਪਾਲ ਨੂੰ ਭੇਜ ਦੇ।'

ਬੁੱਢਾ ਵੀਚਾਰਾ ਚੁੱਪ ਕਰਕੇ ਬੈਠ ਗਿਆ। ਕੁਝ ਚਿਰ ਪਿਛੋਂ ਉਠਿਆ ਤੇ ਉਹ ਆਪ ਹੀ ਬਾਜ਼ਾਰ ਨੂੰ ਗਿਆ ਤੇ ਜਾਕੇ ਆਟਾ ਲੈ ਕੇ ਆਇਆ। ਉਸ ਦੇ ਸਾਰੇ ਪੁੱਤਰ ਮੌਜਾਂ ਨਾਲ ਆਪੋ ਆਪਣੇ ਬਿਸਤਰਿਆਂ ਵਿਚ ਲੇਟੇ ਰਹੇ। ਬੁੱਢੇ ਨੇ ਰੋਟੀ ਪਕਾਈ। ਤੇ ਸਾਰਿਆਂ ਨੇ ਖਾ ਲਈ। ਆਖੀਰ ਅੱਧੀ ਰਾਤ ਹੋਈ।

ਬੁੱਢੇ ਨੇ ਆਪਣੇ ਪੁੱਤਰਾਂ ਨੂੰ ਕਿਹਾ 'ਕਿਰਪਾਲਿ ਮਾ ਲਿਆਓ ਕਹੀਆਂ 'ਮੱਘਰਾਂ ਤੂੰ ਬ੍ਰਿਛ ਤੇ ਚੜ੍ਹ। ਇਸ ਜਾਨਵਰ ਨੂੰ ਮਾਰ ਲੈ।'

ਖੱਸਮਾਂ ਨੂੰ ਖਾਵੇ ਜਾਨਵਰ ਜੇ ਡਿਗਪੇ ਤਾਂ ਲੱਤ ਟੁੱਟ ਜੂ। ਮੱਘਰ ਬੋਲਿਆ 'ਧਰਮਾਂ ਚੜ੍ਹ ਜਾਵੇ।


ਇਸ ਤਰ੍ਹਾਂ ਬੁੱਢੇ ਨੇ ਆਪਣੇ ਸਾਰੇ ਪੁਤਰਾਂ ਨੂੰ ਅਜ਼ਮਾ ਲਿਆ। ਅਖੀਰ ਬੁਢ ਨੇ ਰਸੀ ਵਟਣੀ ਸ਼ੁਰੂ ਕਰ ਦਿੱਤੀ ਚਕਵਾ ਬੋਲਿਆ ,ਭਗਤਾ ਇਹ ਰੱਸੀ ਕੀ ਕਰਨੀ ਐਂ।'

'ਤੈਨੂੰ ਖਾਵਾਂਗੇ ਨਾ ਏਸ ਨਾਲ ਫੜਕੇ।' ਬੁਢੇ ਨੇ ਚਕਵੇ

ਨੂੰ ਧਮਕੀ ਦਿੰਦਿਆਂ ਆਖਿਆ।

ਚਕਵਾ ਬੋਲਿਆ 'ਭੋਲਿਆ ਬਾਬਾ ਤੈਨੂੰ ਕੋਈ ਬੇਰਾਂ ਵੱਟੇ ਤਾਂ ਸਿਆਣਦਾ ਨਹੀਂ। ਏਕਾ ਤੇਰੇ ਘਰ ਵਿੱਚ ਨਹੀਂ। ਤੂੰ ਮੇਰਾ ਕੀ ਕਰ ਲਵੇਂਗਾ। ਤੁਹਾਡੇ ਲਈ ਏਥੇ ਕੁੱਛ ਨਹੀਂ। ਚੁਪ ਕਰਕੇ ਆਪਣੇ ਘਰ ਨੂੰ ਜਾਓ। ਲਿਜਾਣ ਵਾਲੇ ਸੱਭ ਲੈ ਗਏ ਜਿਨ੍ਹਾਂ ਵਿੱਚ ਏਕਾ ਸੀ।

ਬੁਢਾ ਉਥੋਂ ਉਠ ਕੇ ਆਪਣੇ ਪਿੰਡ ਦੇ ਰਾਹ ਪੈ ਗਿਆ। ਤੇ ਉਸਦੇ ਮੁੰਡੇ ਹੋਰ ਰਾਹਾਂ ਨੂੰ ਪੈਕੇ ਤੁਰ ਗਏ। ਪ੍ਰੰਤੂ ਪਹਿਲੇ ਘਰ ਏਕਾ ਸੀ ਉਹ ਦਿਨ ਦੂਨੀ ਤੇ ਰਾਤ ਚੌਗਨੀ ਤਰੱਕੀ ਕਰਦਾ ਰਿਹਾ ਸੱਚ ਹੈ 'ਏਕੇ ਵਿੱਚ ਬੱਰਕਤ'।



## ਸਾਡੀਆਂ ਸਕੂਲਾਂ ਲਈ ਪ੍ਰਵਾਨ ਹੋ ਚੁਕੀਆਂ ਪੁਸਤਕਾਂ :—

੧. ਵੰਗਾਰ
੨. ਵਣਜਾਰੇ
੩. ਜਿਉਂਦੀ ਦੁਨੀਆਂ
੪. ਅਕਲ ਦੀਆਂ ਗੱਲਾਂ
੫. ਵਸੀਅਤ
੬. ਲੰਡਨ ਦੀ ਸੈਰ
੭. ਹਵਾਈ ਜਹਾਜ਼ ਦੀ ਸੈਰ
੮. ਕਰੂੰਬਲਾਂ
੯. ਫੁਲਾਂ ਦੀ ਖਾਰੀ
੧੦. ਬਦਲਾ


ਪ੍ਰਕਾਸ਼ਕ :—

**ਬਾਵਾ ਪਬਲਿਸ਼ਿੰਗ ਹਾਊਸ,**

ਫ਼ੀਰੋਜ਼ਪੁਰ ਛਾਊਣੀ ।

# ਸੱਜਰਾ ਸਾਹਿਤ

| | | |
|---|---|---|
| ੧. ਵਣਜਾਰੇ | ਰਣਧੀਰ 'ਚੰਦ' | ੨.੫੦ ਨ. ਪੈਸੇ |
| ੨. ਵੰਗਾਰ | ਤਖ਼ਤ ਸਿੰਘ | ੨.੫੦ ,, |
| ੩. ਉਡੀਕਾਂ | ਰਾਜ ਦੁਲਾਰ | ੧.੭੫ ,, |
| ੪. ਜੇਹਾ ਕਰੂ-ਤੇਹਾ ਭਰੂ | ,, ,, | .੬੦ ,, |
| ੫. ਬਾਬਾ ਹਰਜੀ | ,, ,, | .੬੦ ,, |
| ੬. ਲੋਟ-ਪੋਟ | ,, ,, | .੬੦ ,, |
| ੭. ਅਕਲ ਦੀਆਂ ਗੱਲਾਂ | ,, ,, | .੬੦ ,, |
| ੮. ਕਸਕਾਂ | ਕੇਸਰ ਸਿੰਘ 'ਨੀਰ' | ੧.੭੫ ,, |
| ੯. ਜਿਉਂਦੀ ਦੁਨੀਆਂ | ਕਰਤਾਰ 'ਸ਼ਮਸ਼ੇਰ' | ੪.੦੦ ,, |
| ੧੦. ਮਹਾਨ ਭਾਰਤੀ | ,, ,, | ੩.੦੦ ,, |
| ੧੧. ਜਿਉਂਦੀਆਂ ਝਾਕੀਆਂ | ਮੱਖਣ ਸਿੰਘ 'ਮੁਰਿਦ' | ੨.੫੦ ,, |
| ੧੨. ਨੌਕਰੀਆਂ ਹੀ ਨੌਕਰੀਆਂ | ਬਲਬੀਰ 'ਮੋਮੀ' | ੧.੫੦ ,, |
| ੧੩. ਵਸੀਅਤ | ਸੁਭਚਿੰਤ ਹਰਸ਼ | .੬੦ ,, |
| ੧੪. ਨੇਕੀ ਦਾ ਫਲ | ,, ,, | .੬੦ ,, |
| ੧੫. ਕਿਸਮਤ ਤੇ ਲਛਮੀ | ,, ,, | .੬੦ ,, |
| ੧੬. ਬਦਲਾ | ਅਜਾਇਬ ਚਿਤ੍ਰਕਾਰ | .੬੦ ,, |
| ੧੭. ਫੁਲਾਂ ਦੀ ਖਾਰੀ | ,, ,, | .੬੦ ,, |
| ੧੮. ਕਰੂੰਬਲਾਂ | ,, ,, | .੬੦ ,, |
| ੧੯. ਸੁਆਦਲੀਆਂ ਕਹਾਣੀਆਂ | ਬਲਬੀਰ ਲੰਮੇਂ | .੬੦ ,, |
| ੨੦. ਗਾਉਂਦੇ-ਬਾਲ | ਕੇਸਰ ਸਿੰਘ ਨੀਰ | .੬੦ ,, |
| ੨੧. ਲੰਡਨ ਦੀ ਸੈਰ | ਅਸਵੰਤ ਹੁਜਨ | .੫੦ ,, |
| ੨੨. ਹਵਾਈ ਜਹਾਜ਼ ਦੀ ਸੈਰ | ,, ,, | .੫੦ ,, |
| ੨੩. ਸੋ ਯਾਦਾਂ ਇਕ ਖ਼ਤ | ਜੋਗਿੰਦਰ ਸਿੰਘ 'ਸੰਧੂ' | ੧.੫੦ ,, |

ਪ੍ਰਕਾਸ਼ਕ :-

**ਬਾਵਾ ਪਬਲਿਸ਼ਿੰਗ ਹਾਊਸ,**

ਫੀਰੋਜ਼ਪੁਰ ਛਾਉਣੀ ।